# 13 ਮਾਰਚ 1940 ਦਾ ਘਟਨਾਕਰਮ — ਸ਼ਹੀਦ ਊਧਮ ਸਿੰਘ ਦੀ ਜ਼ੁਬਾਨੀ

ਅਨੁਵਾਦ ਤੇ ਅਰਪਣ: ਮਲਵਿੰਦਰ ਜੀਤ ਸਿੰਘ ਵੜੈਚ

**ਬਿਆਨ ਮੁਹੱਮਦ ਸਿੰਘ ਆਜ਼ਾਦ, ਮਰੋਟਿੰਗਟਨ ਟੈਰੇਸ, ਰਿਜੈਂਟਸ ਪਾਰਕ, 37, ਇੰਜੀਨੀਅਰ:-**

ਮੈਨੂੰ ਸੁਪਰਡੰਟ ਸੈਡਜ ਦੀ ਮੌਜੂਦਗੀ 'ਚ ਡਿਟੈਕਟਿਵ ਇੰਸਪੈਕਟਰ ਸਵੈਨ ਨੇ ਖ਼ਬਰਦਾਰ ਕਰ ਦਿੱਤਾ ਸੀ ਕਿ ਇਹੀ ਬਿਆਨ ਹੈ ਜੀਹਦੇ ਤੇ ਮੈਂ ਸਜ਼ਾ ਭੁਗਤਣਾ ਚਾਹੁੰਦਾ ਹਾਂ। ਮੈਂ ਭਲੀ-ਭਾਂਤ ਸੁਚੇਤ ਹਾਂ ਕਿ ਜੋ ਮੈਂ ਕਹਿਣ ਜਾ ਰਿਹਾ ਹਾਂ, ਅਦਾਲਤੀ ਕਾਰਵਾਈ ਦਾ ਆਧਾਰ ਹੋਵੇਗਾ। — (ਸਹੀ) ਐਮ.ਐਸ. ਆਜ਼ਾਦ

ਕਲ ਲਗਭਗ 11.30-12.00 ਵਜੇ ਮੈਂ ਇੰਡੀਆ ਆਫਿਸ ਸ਼ਾਹਿਦ ਸੁਹਰਾਵਰਦੀ ਨੂੰ ਮਿਲਣ ਗਿਆ ਸਾਂ, ਜਦਕਿ ਗੇਟ ਕੀਪਰ ਨੇ ਮੇਰੇ ਪੁਛਣ ਤੇ ਦਸਿਆ ਕਿ ਇਸ ਵੇਲੇ ਹੈ ਨਹੀਂ। ਜੇ ਮੈਂ ਚਾਹਾਂ ਤਾਂ ਵੇਟਿੰਗ ਰੂਮ ਵਿੱਚ ਉਹਨਾਂ ਦੀ ਉਡੀਕ ਕਰ ਸਕਦਾ ਹੈ, ਪਰ ਜਦ ਮੈਂ ਉਥੇ ਗਿਆ ਤਾਂ ਵੇਖਿਆ ਕਿ ਤਿੰਨ-ਚਾਰ ਹੋਰ ਵਿਅਕਤੀ ਵੀ ਬੈਠੇ ਨੇ ਤਾਂ ਮੈਂ ਵਾਪਸ ਆ ਗਿਆ। ਜਦੋਂ ਮੈਂ ਬਾਹਰ ਨਿਕਲ ਰਿਹਾ ਸਾਂ, ਤਾਂ ਮੇਰੀ ਨਜ਼ਰ ਕੈਕਸਟਨ ਹਾਲ 'ਚ ਹੋ ਰਹੀ ਮੀਟਿੰਗ ਤੇ ਪੈ ਗਈ। ਮੈਂ ਬਾਹਰ ਨਿਕਲਿਆ ਤਾਂ ਗੇਟ ਕੀਪਰ ਨੇ ਦਸਿਆ ਕਿ ਮੈਂ ਸਹਰਾਵਰਦੀ ਨੂੰ ਪੌਣੇ ਚਾਰ ਕੁ ਵਜੇ ਮਿਲ ਸਕਦੈ। ਮੈਂ ਇਹ ਸੋਚਦਿਆਂ ਉਥੋਂ ਨਿਕਲ ਆਇਆ ਕਿ ਭਲਕੇ ਸਵੇਰੇ ਉਹਨਾਂ ਨੂੰ ਮਿਲਕੇ ਆਪਣੇ ਪਾਸਪੋਰਟ ਦੀ ਐਂਡੋਰਸਮੈਂਟ ਕਰਵਾ ਲਾਂਗਾ, ਪਰ ਫਿਰ ਮੈਂ ਇਰਾਦਾ ਬਦਲ ਲਿਆ, ਕਿਉਂਕਿ ਉਹ ਮੇਰਾ ਕੰਮ ਨਹੀਂ ਕਰਵਾ ਸਕੇਗਾ। ਜਦੋਂ ਅੱਜ ਸਵੇਰ ਮੈਂ ਘਰੋਂ ਨਿਕਲਿਆ ਤਾਂ ਸੋਚਿਆ ਕਿ ਲਾਇਸੈਸਟਰ ਸਕੁਏਅਰ 'ਚ 'ਰਾਬਰਟਸਨ' ਫਿਲਮ ਦੇਖ ਸਕਾਂਗਾ, ਉਥੇ ਗਿਆ ਤਾਂ ਉਹ ਅਜੇ ਖੁਲ੍ਹਿਆ ਨਹੀਂ ਸੀ। ਮੈਂ ਵਾਪਸ ਘਰ ਆ ਗਿਆ ਤੇ ਸੋਚਿਆ ਕਿ ਹੁੰਨ ਵੇਲਾ ਹੈ ਜਦੋਂ ਮੈਂ ਪ੍ਰੋਟੈਸਟ (protest) ਕਰਨ ਲਈ ਮੀਟਿੰਗ ਤੇ ਜਾ ਸਕਣਾ। ਮੈਂ ਘਰੋਂ ਆਪਣੇ ਨਾਲ ਏਸ ਮਕਸਦ ਲਈ ਰਿਵਾਲਵਰ ਲੈ ਲਿਆ। ਮੀਟਿੰਗ ਦੇ ਸ਼ੁਰੂ ਹੋਣ ਵੇਲ਼ ਮੈਂ ਖੜਾ ਸਾਂ, ਮੈਂ ਰਿਵਾਲਵਰ ਲੈ ਕੇ ਕਿਸੇ ਨੂੰ ਮਾਰਨ ਲਈ ਨਹੀਂ ਸੀ ਖੜਿਆ, ਕੇਵਲ ਰੋਸ ਦਰਸਾਉਣ ਲਈ ਲੈ ਗਿਆ ਸਾਂ। ਖ਼ੈਰ, ਜਦੋਂ ਮੀਟਿੰਗ ਖ਼ਤਮ ਹੋਈ ਤਾਂ ਮੈਂ ਰਿਵਾਲਵਰ ਕੱਢ ਕੇ ਫਾਇਰ ਕੀਤੇ, ਮੇਰੀ ਸਮਝ ਅਨੁਸਾਰ ਦੀਵਾਰ ਵੱਲ ਨੂੰ ਹੀ। ਮੈਂ ਕੇਵਲ ਰੋਸ ਦਰਸਾਉਣ ਲਈ ਹੀ ਫਾਇਰ ਕੀਤੇ ਸੀ। ਮੈਂ ਆਪਣੇ ਦੇਸ਼ਵਾਸੀ ਅੰਗਰੇਜ਼ੀ ਸਾਮਰਾਜਵਾਦ ਅਧੀਨ ਭੁਖੇ ਮਰਦੇ ਵੇਖੇ ਨੇ, ਇਸ ਲਈ ਇਹ ਕਾਰਜ ਕੀਤਾ ਹੈ। ਰਿਵਾਲਵਰ ਤਿੰਨ-ਚਾਰ ਵਾਰੀ ਚਲਿਐ, ਮੈਨੂੰ ਰੋਸ ਪ੍ਰਗਟ ਕਰਨ ਤੇ ਕੋਈ ਅਫ਼ਸੋਸ ਨਹੀਂ ਹੈ। ਇਹ ਮੇਰਾ ਆਪਣੇ ਦੇਸ਼ ਪ੍ਰਤੀ ਕੇਵਲ ਇੱਕ ਫ਼ਰਜ਼ ਸੀ। ਮੈਨੂੰ ਕੋਈ ਫ਼ਰਕ ਨਹੀਂ ਪੈਂਦਾ ਕਿ ਮੈਨੂੰ 10, 20 ਜਾਂ 50 ਸਾਲ ਦੀ ਕੈਦ ਹੋਵੇਗੀ ਜਾਂ ਫਾਂਸੀ। ਮੈਂ ਆਪਣਾ ਫ਼ਰਜ਼ ਨਿਭਾਇਆ ਹੈ। ਤੁਸੀਂ ਸਮਝ ਲਵੋ ਕਿ ਮੈਂ ਕਿਸੇ ਵਿਅਕਤੀ ਦੀ ਜਾਨ ਨਹੀਂ ਲੈਣਾ ਸੀ ਚਾਹੁੰਦਾ, ਮੈਂ ਕੇਵਲ ਰੋਸ ਪ੍ਰਗਟ ਕਰਨਾ ਚਾਹੁੰਦਾ ਸੀ। ਮੈਂ ਇਹ ਬਿਆਨ ਪੜ੍ਹ ਲਿਐ ਤੇ ਇਹ ਦਰੁਸਤ ਹੈ। — ਐਮ.ਐਸ.ਆਜ਼ਾਦ।






ਪਿੰਡ ਤੇ ਡਾਕਘਰ ਸਕੇਤੜੀ, ਜ਼ਿਲ੍ਹਾ ਪੰਚਕੂਲਾ 134109
ਫੋਨ: 0172-2556314
ਈਮੇਲ: mjswaraich29@gmail.com

---